## ਸਿਆਸਤੀ ਪਿੰਡ 'ਚ ਕਿਸਾਨਾਂ ਦੇ ਜੀਵਨ ਦੀਆਂ ਖੁਸ਼ਵਾਰੀਆਂ-ਦੁਸ਼ਵਾਰੀਆਂ ਦੀਆਂ ਪਈਆਂ ਬਾਤਾਂ

# ਦਸਮੇਸ਼ ਕਾਲਜ ਬਾਦਲ ਤੇ ਸਾਹਿਤ ਅਕਾਦਮੀ ਦਿੱਲੀ ਵੱਲੋਂ 'ਕਿਸਾਨੀ ਜੀਵਨ ਦਾ ਪੰਜਾਬੀ' ਸਾਹਿਤ 'ਤੇ ਕੌਮੀ ਸੈਮੀਨਾਰ

ਇਕਬਾਲ ਸਿੰਘ ਸ਼ਾਂਤ

**ਡੱਬਵਾਲੀ, 30 ਸਤੰਬਰ:** ਪੰਜਾਬ ਦੀ ਅਕਾਲੀ ਸਿਆਸਤ ਦਾ ਧੁਰਾ ਅਖਵਾਉਂਦੇ ਪਿੰਡ ਬਾਦਲ 'ਚ ਖੇਤਾਂ ਦੇ ਪੁੱਤ ਕਿਸਾਨਾਂ ਦੇ ਜੀਵਨ ਦੀਆਂ ਖੁਸ਼ਵਾਰੀਆਂ-ਦੁਸ਼ਵਾਰੀਆਂ ਬਾਰੇ ਸਾਹਿਤ ਅਤੇ ਹਕੀਕਤ ਦੀਆਂ ਸੱਚੀਆਂ ਅਤੇ ਕੋਰੀਆਂ ਬਾਤਾਂ ਪਾਈਆਂ ਗਈਆਂ। ਪੰਜਾਬੀ ਸਾਹਿਤ 'ਚ ਕਿਸਾਨੀ ਜੀਵਨ ਦੇ ਸੰਕਟ ਪ੍ਰਤੀ ਉਭਾਰੇ ਤੱਥਾਂ ਅਤੇ ਜੀਵਨ ਜਾਚਾਂ ਨੂੰ ਫਰੋਲਣ ਲਈ ਵੱਖ-ਵੱਖ ਯੂਨੀਵਰਸਿਟੀਆਂ ਤੋਂ ਵੱਖ-ਵੱਖ ਪ੍ਰਫੈਸਰ ਅਤੇ ਵਿਦਵਾਨ ਲਿਖਾਰੀ ਵੀ ਪੁੱਜੇ ਹੋਏ ਸਨ। ਜਿਨ੍ਹਾਂ ਨੇ ਕਿਸਾਨੀ ਦੇ ਸੰਕਟ ਹੱਲ ਸਬੰਧੀ ਢੁੱਕਵੇਂ ਹੱਲ ਬਾਰੇ ਆਪਣੇ ਵਿਚਾਰਾਂ ਰਾਹੀਂ ਸਰਕਾਰਾਂ ਅਤੇ ਸਮਾਜ ਨੂੰ ਚੰਗੇਰੇ ਹਾਲਾਤਾਂ ਲਈ ਸੱਦਾ ਦਿੱਤਾ। ਗੰਭੀਰ ਕਿਸਾਨੀ ਸੰਕਟ ਦੇ ਚਿੰਤਨ ਸਬੰਧੀ ਪਿੰਡ ਬਾਦਲ 'ਚ ਸਾਹਿਤ ਅਕਾਦਮੀ ਦਿੱਲੀ ਅਤੇ ਦਸਮੇਸ਼ ਗਰਲਜ ਕਾਲਜ ਬਾਦਲ ਵੱਲੋਂ ਕਾਲਜ ਆਡੀਟੋਰੀਅਮ 'ਚ 'ਕਿਸਾਨੀ ਜੀਵਨ ਦਾ ਪੰਜਾਬੀ' ਵਿਸ਼ੇ 'ਤੇ ਰਾਸ਼ਟਰ ਪੱਧਰੀ ਸੈਮੀਨਾਰ ਕਰਵਾਇਆ ਗਿਆ। ਜਿਸਦਾ ਉਦਘਾਟਨ ਵਰਡਲ ਪੰਜਾਬੀ ਸੈਂਟਰ ਪਟਿਆਲਾ ਦੇ ਸਾਬਕਾ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਸਾਹਿਤ ਅਕਾਦਮੀ ਦੇ ਸਲਾਹਕਾਰ ਬੋਰਡ ਮੈਂਬਰ ਮਨਮੋਹਨ ਸਿੰਘ ਨੇ ਆਖਿਆ ਕਿ ਕਿਸਾਨੀ ਜੀਵਨ ਅਤੇ ਕਿਸਾਨ ਸੰਕਟ ਇੱਕੋ ਸਿੱਕੇ ਦੇ ਦੋ ਪਹਿਲੇ ਹਨ। ਜਦੋਂ ਤੋਂ ਕਿਸਾਨੀ ਦਾ ਮੁੱਢ ਬੱਝਿਆ ਹੈ ਉਦੋਂ ਤੋਂ ਕਿਸਾਨੀ ਮੁਸ਼ਕਿਲ ਦੀਆਂ ਗੁੰਝਲਾਂ ਵਿੱਚੋਂ ਨਿਕਲ ਨਹੀਂ ਸਕੀ। ਸ੍ਰੀ ਸਿੰਘ ਨੇ ਪੰਜਾਬ ਦੀ ਕਿਰਸਾਨੀ ਦੇ ਮੌਜੂਦ ਮਸਲਿਆਂ ਕਰਜ਼ਾ, ਖੁਦਕੁਸ਼ੀਆਂ, ਡਿਪਰੈਸ਼ਨ ਅਤੇ ਨਸ਼ਾ 'ਤੇ ਗੰਭੀਰ ਚਰਚਾ ਕਰਕੇ ਅਹਿਮ ਮੁੱਦਿਆਂ ਨੂੰ ਵੀ ਗੰਭੀਰਤਾ ਨਾਲ ਛੂਹਿਆ। ਪ੍ਰਧਾਨਗੀ ਭਾਸ਼ਣ ਵਿੱਚ ਡਾ. ਸੁਰਜੀਤ (ਲੀਅ) ਨੇ ਟੁੱਟ ਰਹੇ ਕਿਸਾਨੀ, ਅਲੋਪ ਹੋ ਰਹੇ ਸੱਭਿਆਚਾਰ ਅਤੇ ਭਾਸ਼ਾਵਾਂ ਪ੍ਰਤੀ ਚਿੰਤਾ ਜਤਾਈ। ਅਕਾਦਮਿਕ ਸੈਸ਼ਨ 'ਚ ਬਲਦੇਵ ਸਿੰਘ ਧਾਲੀਵਾਲ ਨੇ ਕਿੱਸਾ ਪੰਜਾਬੀ ਕਹਾਣੀ 'ਚ ਪੇਸ਼ ਹੋਏ ਕਿਸਾਨੀ ਸੰਕਟ ਬਾਰੇ ਦੱਸਿਆ। ਦਿੱਲੀ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰ ਰਵੀ ਰਵਿੰਦਰ ਨੇ ਆਖਿਆ ਕਿ ਸਮੂਹ ਵਿਦਵਾਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਕਿਸਾਨੀ ਮਨੁੱਖ ਦਾ ਮੁੱਢਲਾ ਕਿੱਤਾ ਹੈ। ਜਿਹੜਾ ਇਸ ਨੂੰ ਦੂਸਰੇ ਜਾਨਵਰਾਂ ਨਾਲੋਂ ਵੱਖਰਾ ਕਰਦਾ ਹੈ। ਪਜ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਇਸ ਨੂੰ ਚਿਤਰਨ 'ਚ ਅਸਫ਼ਲ ਰਹੀਆਂ ਹਨ। ਇਸ ਮੌਕੇ ਉੱਘੇ ਪੱਤਰਕਾਰ ਚਰਨਜੀਤ ਭੁੱਲਰ ਨੇ ਆਪਣੇ ਪਰਚੇ 'ਚ ਆਖਿਆ ਕਿ ਪ੍ਰਿੰਟ ਅਤੇ ਬਿਜਲਈ ਮੀਡੀਆ 'ਤੇ ਬਾਜ਼ਾਰਵਾਦ ਤੇ ਸ਼ਹਿਰੀ ਪ੍ਰਭਾਵ ਕਰਕੇ ਕਿਸਾਨੀ ਸੰਕਟ ਪ੍ਰਤੀ ਪੱਤਰਕਾਰਿਤਾ ਦਾ ਪੈਂਡਾ ਜ਼ਿਆਦਾ ਲੰਮੇਰਾ ਹੁੰਦਾ ਜਾ ਰਿਹਾ ਹੈ। ਅਜੋਕੇ ਦੌਰ 'ਚ ਮੀਡੀਆ ਅਦਾਰਿਆਂ ਦੀ ਕਿਸਾਨੀ ਦੇ ਹਕੀਕੀ ਮਸਲਿਆਂ ਪ੍ਰਤੀ ਕਲਮ ਦੀ ਧਾਰ ਅਤੇ ਪਹੁੰਚ ਮੱਠੀ ਹੁੰਦੀ ਜਾ ਰਹੀ ਹੈ, ਜੋ ਕਿ ਮੀਡੀਆ ਦੇ ਨੈਤਿਕ ਫਰਜ਼ਾਂ ਦੀ ਗਿਰਾਵਟ ਦਾ ਸੂਚਕ ਹੈ। ਸਤਨਾਮ ਸਿੰਘ ਜੱਸਲ ਨੇ ਕਿਸਾਨੀ ਜੀਵਨ ਅਤੇ ਪੰਜਾਬੀ ਨਾਟਕ 'ਤੇ ਵਿਸ਼ੇਸ਼ ਪਰਚਾ ਪੜ੍ਹਿਆ। ਡਾ. ਜਸਵਿੰਦਰ ਨੇ ਕਿਸਾਨੀ ਨੂੰ ਪੰਜਾਬੀ ਸਾਹਿਤ ਦਾ ਧੁਰਾ ਦੱਸਦੇ ਕਿਹਾ ਕਿ ਇਸਦਾ ਨਾਟਕ, ਨਾਵਲ ਅਤੇ ਕਹਾਣੀ 'ਚ ਨਿੱਘਾ ਚਿਤਰਨ ਹੋਇਆ ਹੈ। ਗੁਰਮੁਖ ਸਿੰਘ ਨੇ ਵੱਖ-ਵੱਖ ਨਾਵਲਾਂ ਦੇ ਹਵਾਲੇ ਨਾਲ ਕਿਸਾਨੀ ਸੰਕਟ ਬਾਰੇ ਭਾਵਪੂਰਤ ਪਰਚਾ ਪੜ੍ਹਿਆ। ਡਾ. ਦਵਿੰਦਰ ਸੈਫ਼ੀ ਨੇ ਪਾਸ਼, ਸੰਤ ਰਾਮ ਉਦਾਸੀ, ਸੰਤੋਖ ਸਿੰਘ ਧੀਰ ਅਤੇ ਇਕਬਾਲ ਰਾਮੂਵਾਲੀਆ ਦੀਆਂ ਕਵਿਤਾਵਾਂ ਹਵਾਲੇ ਨਾਲ ਕਿਸਾਨ ਜੀਵਨ, ਸੰਕਟ ਪ੍ਰਤੀ ਸਾਹਿਤਕ ਅੰਦਾਜ਼ 'ਚ ਗੱਲ ਆਖੀ। ਮੇਜ਼ਬਾਨ ਦਸਮੇਸ਼ ਕਾਲਜ ਬਾਦਲ ਦੇ ਪ੍ਰਿੰਸੀਪਲ ਡਾ. ਐਸ.ਐਸ. ਸੰਘਾ ਨੇ ਸਮੂਹ ਵਿਦਵਾਨਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਹਿਤ ਅਕਾਦਮੀ ਦੇ ਸਹਾਇਕ ਸੰਪਾਦਕ ਅਜੈ ਕੁਮਾਰ ਸ਼ਰਮਾ, ਪੀ.ਐਨ ਦਿਵੇਦੀ, ਗੁਰਮੀਤ ਸਿੰਘ, ਦਸਮੇਸ਼ ਸਿੱਖਿਆ ਕਾਲਜ ਦੇ ਪ੍ਰਿੰਸੀਪਲ ਵਨੀਤਾ, ਵਾਈਸ ਪ੍ਰਿੰਸੀਪਲ ਡਾ. ਇੰਦਰਾ ਪਹੂਜਾ ਨੇ ਵੀ ਆਪਣੇ ਵਿਚਾਰ ਰੱਖੇ। ਆਖ਼ਰ ਵਿੱਚ ਦਸਮੇਸ਼ ਕਾਲਜ ਵੱਲੋਂ ਸਮੂਹ ਵਿਦਵਾਨਾਂ ਅਤੇ ਪ੍ਰਮੁੱਖ ਮਹਿਮਾਨਾਂ ਨੂੰ ਵਾਤਾਵਰਨ ਪੱਖੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਕਾਲਜਾਂ ਦੇ ਵਿੱਦਿਅਕ ਨੁਮਾਇੰਦੇ ਸੈਮੀਨਾਰ ਦਾ ਹਿੱਸਾ ਬਣਨ ਲਈ ਪੁੱਜੇ ਹੋਏ ਸਨ।




ਦਸਮੇਸ਼ ਗਰਲਜ ਬਾਦਲ ਵਿਖੇ 'ਕਿਸਾਨੀ ਜੀਵਨ ਦਾ ਪੰਜਾਬੀ' ਵਿਸ਼ੇ 'ਤੇ ਆਪਣਾ ਪਰਚਾ ਪੜ੍ਹਦੇ ਉੱਘੇ ਪੱਤਰਕਾਰ ਚਰਨਜੀਤ ਭੁੱਲਰ ਤੇ ਸਟੇਜ 'ਤੇ ਵਿਰਾਜਮਾਨ ਵੱਖ-ਵੱਖ ਵਿਦਵਾਨ।

DESH SEWAK
ਦੇਸ਼ ਸੇਵਕ

# ਸਿਆਸਤੀ ਪਿੰਡ 'ਚ ਕਿਸਾਨਾਂ ਦੇ ਜੀਵਨ ਦੀਆਂ ਖੁਸ਼ਵਾਰੀਆਂ-ਦੁਸ਼ਵਾਰੀਆਂ ਦੀਆਂ ਪਈਆਂ ਬਾਤਾਂ

## ਦਸਮੇਸ਼ ਕਾਲਜ ਬਾਦਲ ਤੇ ਸਾਹਿਤ ਅਕਾਦਮੀ ਦਿੱਲੀ ਵਲੋਂ ਕਿਸਾਨੀ ਜੀਵਨ ਦਾ ਪੰਜਾਬੀ ਸਾਹਿਤ 'ਤੇ ਕੌਮੀ ਸੈਮੀਨਾਰ

ਮੰਡੀ ਕਿੱਲਿਆਂਵਾਲੀ/ਡੱਬਵਾਲੀ, 30 ਸਤੰਬਰ (ਇਕਬਾਲ ਸਿੰਘ ਸ਼ਾਂਤ)- ਪੰਜਾਬ ਦੀ ਅਕਾਲੀ ਸਿਆਸਤ ਦਾ ਧੁਰਾ ਅਖਵਾਉਂਦੇ ਪਿੰਡ ਬਾਦਲ 'ਚ ਖੇਤਾਂ ਦੇ ਪੁੱਤ ਕਿਸਾਨਾਂ ਦੇ ਜੀਵਨ ਦੀਆਂ ਖੁਸ਼ਵਾਰੀਆਂ-ਦੁਸ਼ਵਾਰੀਆਂ ਬਾਰੇ ਸਾਹਿਤ ਅਤੇ ਹਕੀਕਤ ਦੀਆਂ ਸੱਚੀਆਂ ਅਤੇ ਕੌੜੀਆਂ ਬਾਤਾਂ ਪਾਈਆਂ ਗਈਆਂ। ਪੰਜਾਬੀ ਸਾਹਿਤ 'ਚ ਕਿਸਾਨੀ ਜੀਵਨ ਦੇ ਸੰਕਟ ਪ੍ਰਤੀ ਉਭਾਰੇ ਤੱਥਾਂ ਅਤੇ ਜੀਵਨ ਜਾਚਾਂ ਨੂੰ ਫਰੋਲਣ ਲਈ ਵੱਖ-ਵੱਖ ਯੂਨੀਵਰਸਿਟੀਆਂ ਤੋਂ ਵੱਖ-ਵੱਖ ਪ੍ਰੋਫੈਸਰ ਅਤੇ ਵਿਦਵਾਨ ਲਿਖਾਰੀ ਵੀ ਪੁੱਜੇ ਹੋਏ ਸਨ ਜਿਨ੍ਹਾਂ ਨੇ ਕਿਸਾਨੀ ਦੇ ਸੰਕਟ ਹੱਲ ਸਬੰਧੀ ਢੁਕਵੇਂ ਹੱਲ ਬਾਰੇ ਆਪਣੇ ਵਿਚਾਰਾਂ ਰਾਹੀਂ ਸਰਕਾਰਾਂ ਤੇ ਸਮਾਜ ਨੂੰ ਚੰਗੇਰੇ ਹਾਲਾਤ ਲਈ ਸੱਦਾ ਦਿੱਤਾ। ਗੰਭੀਰ ਕਿਸਾਨੀ ਸੰਕਟ ਦੇ ਚਿੰਤਨ ਸਬੰਧੀ ਪਿੰਡ ਬਾਦਲ 'ਚ ਸਾਹਿਤ ਅਕਾਦਮੀ ਦਿੱਲੀ ਤੇ ਦਸਮੇਸ਼ ਗਰਲਜ਼ ਕਾਲਜ ਬਾਦਲ ਵਲੋਂ ਕਾਲਜ ਆਡੀਟੋਰੀਅਮ 'ਚ 'ਕਿਸਾਨੀ ਜੀਵਨ ਦਾ ਪੰਜਾਬੀ' ਵਿਸ਼ੇ 'ਤੇ ਰਾਸ਼ਟਰ ਪੱਧਰੀ ਸੈਮੀਨਾਰ ਕਰਵਾਇਆ ਗਿਆ ਜਿਸਦਾ ਉਦਘਾਟਨ ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਸਾਬਕਾ ਡਾਇਰੈਕਟਰ ਡਾ: ਦੀਪਕ ਮਨਮੋਹਨ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਸਾਹਿਤ ਅਕਾਦਮੀ ਦੇ ਸਲਾਹਕਾਰ ਬੋਰਡ ਮੈਂਬਰ ਮਨਮੋਹਨ ਸਿੰਘ ਨੇ ਆਖਿਆ ਕਿ ਕਿਸਾਨੀ ਜੀਵਨ ਅਤੇ ਕਿਸਾਨ ਸੰਕਟ ਇੱਕੋ ਸਿੱਕੇ ਦੇ ਦੋ ਪਹਿਲੇ ਹਨ। ਜਦੋਂ ਤੋਂ ਕਿਸਾਨੀ ਦਾ ਮੁੱਢ ਬੱਝਿਆ ਹੈ, ਉਦੋਂ ਤੋਂ ਕਿਸਾਨੀ ਮੁਸ਼ਕਿਲ ਦੀਆਂ ਗੁੰਝਲਾਂ ਵਿਚੋਂ ਨਿਕਲ ਨਹੀਂ ਸਕੀ। ਸ: ਮਨਮੋਹਨ ਸਿੰਘ ਨੇ ਪੰਜਾਬ ਦੀ ਕਿਰਸਾਨੀ ਦੇ ਮੌਜੂਦ ਮਸਲਿਆਂ ਕਰਜ਼ਾ, ਖੁਦਕੁਸ਼ੀਆਂ, ਡਿਪਰੈਸ਼ਨ ਅਤੇ ਨਸ਼ੇ 'ਤੇ ਗੰਭੀਰ ਚਰਚਾ ਕਰਕੇ ਅਹਿਮ ਮੁੱਦਿਆਂ ਨੂੰ ਵੀ ਗੰਭੀਰਤਾ ਨਾਲ ਛੂਹਿਆ। ਪ੍ਰਧਾਨਗੀ ਭਾਸ਼ਣ ਵਿਚ ਡਾ. ਸੁਰਜੀਤ (ਲੀਅ) ਨੇ ਟੁੱਟ ਰਹੇ ਕਿਸਾਨੀ, ਅਲੋਪ ਹੋ ਰਹੇ ਸੱਭਿਆਚਾਰ ਅਤੇ ਭਾਸ਼ਾਵਾਂ ਪ੍ਰਤੀ ਚਿੰਤਾ ਜਤਾਈ। ਉਨ੍ਹਾਂ ਆਖਿਆ ਕਿ ਕਿਸਾਨੀ ਸੰਕਟ ਦਾ ਸਾਹਮਣਾ ਔਰਤ ਨੂੰ ਵੀ ਕਰਨਾ ਪਿਆ ਹੈ। ਕਿਸਾਨ ਦੀ ਖੁਦਕੁਸ਼ੀ ਤੋਂ ਬਾਅਦ ਸਮੁੱਚੀ ਜ਼ਿੰਮੇਵਾਰੀ ਔਰਤ ਦੇ ਸਿਰ ਆ ਪੈਂਦੀ ਹੈ। ਅਕਾਦਮਿਕ ਸੈਸ਼ਨ 'ਚ ਬਲਦੇਵ ਸਿੰਘ ਧਾਲੀਵਾਲ ਨੇ ਕਿੱਸਾ ਪੰਜਾਬੀ ਕਹਾਣੀ 'ਚ ਪੇਸ਼ ਹੋਏ ਕਿਸਾਨੀ ਸੰਕਟ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਅਨੁਭਵ ਦੀ ਘਾਟ ਕਾਰਨ ਲੇਖਕ ਕਿਸਾਨੀ ਸਮੱਸਿਆਵਾਂ ਨੂੰ ਚਿਤਰਣ 'ਚ ਅਸਮਰੱਥ ਹਨ। ਦਿੱਲੀ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰ ਰਵੀ ਰਵਿੰਦਰ ਨੇ ਸਮੂਹ ਵਿਦਵਾਨਾਂ ਨੂੰ ਜੀ ਆਇਆਂ ਆਖਿਆ। ਉੱਘੇ ਪੱਤਰਕਾਰ ਚਰਨਜੀਤ ਭੁੱਲਰ ਨੇ ਆਪਣੇ ਪਰਚੇ 'ਚ ਆਖਿਆ ਕਿ ਪ੍ਰਿੰਟ ਤੇ ਬਿਜਲਈ ਮੀਡੀਆ 'ਤੇ ਬਾਜ਼ਾਰਵਾਦ ਤੇ ਸ਼ਹਿਰੀ ਪ੍ਰਭਾਵ ਕਰਕੇ ਕਿਸਾਨੀ ਸੰਕਟ ਪ੍ਰਤੀ ਪੱਤਰਕਾਰਤਾ ਦਾ ਪੈਂਡਾ ਜ਼ਿਆਦਾ ਲੰਮੇਰਾ ਹੁੰਦਾ ਜਾ ਰਿਹਾ ਹੈ। ਅਜੋਕੇ ਦੌਰ 'ਚ ਮੀਡੀਆ ਅਦਾਰਿਆਂ ਦੀ ਕਿਸਾਨੀ ਦੇ ਹਕੀਕੀ ਮਸਲਿਆਂ ਪ੍ਰਤੀ ਕਲਮ ਦੀ ਧਾਰ ਅਤੇ ਪਹੁੰਚ ਮੱਠੀ ਹੁੰਦੀ ਜਾ ਰਹੀ ਹੈ, ਜੋ ਕਿ ਮੀਡੀਆ ਦੇ ਨੈਤਿਕ ਫ਼ਰਜ਼ਾਂ ਦੀ ਗਿਰਾਵਟ ਦਾ ਸੂਚਕ ਹੈ। ਸਤਨਾਮ ਸਿੰਘ ਜੱਸਲ ਨੇ ਕਿਸਾਨੀ ਜੀਵਨ ਅਤੇ ਪੰਜਾਬੀ ਨਾਟਕ 'ਤੇ ਵਿਸ਼ੇਸ਼ ਪਰਚਾ ਪੜ੍ਹਿਆ। ਡਾ. ਜਸਵਿੰਦਰ ਨੇ ਕਿਸਾਨੀ ਨੂੰ ਪੰਜਾਬੀ ਸਾਹਿਤ ਦਾ ਧੁਰਾ ਦੱਸਦੇ ਕਿਹਾ ਕਿ ਇਸਦਾ ਨਾਟਕ, ਨਾਵਲ ਅਤੇ ਕਹਾਣੀ 'ਚ ਨਿੱਘਾ ਚਿਤਰਨ ਹੋਇਆ ਹੈ। ਗੁਰਮੁਖ ਸਿੰਘ ਨੇ ਵੱਖ-ਵੱਖ ਨਾਵਲਾਂ ਦੇ ਹਵਾਲੇ ਨਾਲ ਕਿਸਾਨੀ ਸੰਕਟ ਬਾਰੇ ਭਾਵਪੂਰਤ ਪਰਚਾ ਪੜ੍ਹਿਆ। ਡਾ. ਦਵਿੰਦਰ ਸੈਫ਼ੀ ਨੇ ਪਾਸ਼, ਸੰਤ ਰਾਮ ਉਦਾਸੀ, ਸੰਤੋਖ ਸਿੰਘ ਧੀਰ ਤੇ ਇਕਬਾਲ ਰਾਮੂਵਾਲੀਆ ਦੀਆਂ ਕਵਿਤਾਵਾਂ ਹਵਾਲੇ ਨਾਲ ਕਿਸਾਨ ਜੀਵਨ, ਸੰਕਟ ਪ੍ਰਤੀ ਸਾਹਿਤਕ ਅੰਦਾਜ਼ 'ਚ ਗੱਲ ਆਖੀ। ਮੇਜ਼ਬਾਨ ਦਸਮੇਸ਼ ਕਾਲਜ ਬਾਦਲ ਦੇ ਪ੍ਰਿੰਸੀਪਲ ਡਾ: ਐਸ.ਐਸ. ਸੰਘਾ ਨੇ ਸਮੂਹ ਵਿਦਵਾਨਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਹਿਤ ਅਕਾਦਮੀ ਦੇ ਸਹਾਇਕ ਸੰਪਾਦਕ ਅਜੈ ਕੁਮਾਰ ਸ਼ਰਮਾ, ਪੀ.ਐਨ. ਦਿਵੇਦੀ, ਗੁਰਮੀਤ ਸਿੰਘ, ਦਸਮੇਸ਼ ਸਿੱਖਿਆ ਕਾਲਜ ਦੇ ਪ੍ਰਿੰਸੀਪਲ ਵਨੀਤਾ, ਵਾਈਸ ਪ੍ਰਿੰਸੀਪਲ ਡਾ: ਇੰਦਰਾ ਪਹੂਜਾ ਨੇ ਵੀ ਆਪਣੇ ਵਿਚਾਰ ਰੱਖੇ। ਆਖ਼ਰ ਵਿਚ ਦਸਮੇਸ਼ ਕਾਲਜ ਵਲੋਂ ਸਮੂਹ ਵਿਦਵਾਨਾਂ ਅਤੇ ਪ੍ਰਮੁੱਖ ਮਹਿਮਾਨਾਂ ਨੂੰ ਵਾਤਾਵਰਨ ਪੱਖੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।



ਪ੍ਰੋਫੈਸਰ ਡਾ. ਰਵੀ ਰਵਿੰਦਰ ਦੀਆਂ ਦੋ ਪੁਸਤਕਾਂ 'ਵਿਸ਼ਵ ਚਿੰਤਕ ਐਨਤੋਨੀਓ ਗ੍ਰਾਮਸ਼ੀ' ਅਤੇ 'ਧਰਤੀ ਦਾ ਗੀਤ' ਦੀ ਘੁੰਡ ਚੁਕਾਈ ਦਾ ਦ੍ਰਿਸ਼। ਤਸਵੀਰ : ਸ਼ਾਂਤ

# 'ਐਨਤੋਨੀਓ ਗ੍ਰਾਮਸ਼ੀ', 'ਧਰਤੀ ਦਾ ਗੀਤ', 'ਇਕ ਕੁੜੀ ਇਕੱਲੀ' ਅਤੇ 'ਨਾਟਕਕਾਰ ਹਰਚਰਨ ਸਿੰਘ' ਪੁਸਤਕਾਂ ਲੋਕ ਅਰਪਣ

ਡੱਬਵਾਲੀ, 2 ਅਕਤੂਬਰ (ਇਕਬਾਲ ਸਿੰਘ ਸ਼ਾਂਤ)-ਦਿੱਲੀ ਯੂਨੀਵਰਸਿਟੀ ਦਿੱਲੀ ਦੇ ਪ੍ਰੋਫੈਸਰ ਡਾ. ਰਵੀ ਰਵਿੰਦਰ ਦੀਆਂ ਦੋ ਪੁਸਤਕਾਂ 'ਵਿਸ਼ਵ ਚਿੰਤਕ ਐਨਤੋਨੀਓ ਗ੍ਰਾਮਸ਼ੀ' ਅਤੇ 'ਧਰਤੀ ਦਾ ਗੀਤ' ਦੀ ਘੁੰਡ ਚੁਕਾਈ ਪਿੰਡ ਬਾਦਲ ਵਿਖੇ ਕੀਤੀ। ਇਸੇ ਦੌਰਾਨ ਪ੍ਰਵਾਸੀ ਕਹਾਣੀਕਾਰਾ ਵੀਨਾ ਵਰਮਾ ਦਾ ਕਹਾਣੀ-ਸੰਗ੍ਰਹਿ 'ਇਕ ਕੁੜੀ ਇਕੱਲੀ' ਅਤੇ ਡਾ. ਸਤਨਾਮ ਸਿੰਘ ਜੱਸਲ ਦੁਆਰਾ ਸੰਪਾਦਿਤ ਪੁਸਤਕ 'ਨਾਟਕਕਾਰ ਹਰਚਰਨ ਸਿੰਘ' ਨੂੰ ਵੀ ਲੋਕ ਅਰਪਣ ਕੀਤਾ ਗਿਆ। ਦਸਮੇਸ਼ ਗਰਲਜ਼ ਕਾਲਜ ਵਿਖੇ ਰਾਸ਼ਟਰ ਪੱਧਰੀ ਸੈਮੀਨਾਰ 'ਚ ਕਿਤਾਬਾਂ ਦੀ ਘੁੰਡ ਚੁਕਾਈ ਮੌਕੇ ਸਾਹਿਤ ਅਤੇ ਸਿੱਖਿਆ ਜਗਤ ਦੀਆਂ ਮੁਹਾਰਤੀ ਸ਼ਖ਼ਸੀਅਤਾਂ ਮੌਜੂਦ ਸਨ। ਡਾ. ਰਵੀ ਰਵਿੰਦਰ ਦੀ ਪੁਸਤਕ 'ਵਿਸ਼ਵ ਚਿੰਤਕ ਐਨਤੋਨੀਓ ਗ੍ਰਾਮਸ਼ੀ' ਇਟਲੀ ਦੇ ਵਿਸ਼ਵ ਪ੍ਰਸਿੱਧ ਚਿੰਤਕ ਗ੍ਰਾਮਸ਼ੀ ਦੇ ਜੀਵਨ ਵਿਚਲੇ ਸਰੀਰਕ, ਮਾਨਸਿਕ/ਬੌਧਿਕ ਅਤੇ ਸਥਾਪਤੀ ਨਾਲ ਸੰਘਰਸ਼ ਦੁਆਲੇ ਘੁੰਮਦੀ ਹੈ। ਇਸ ਸੰਘਰਸ਼ ਤੋਂ ਇਲਾਵਾ ਉਸ ਦੇ ਸੰਤੁਲਿਤ ਤੇ ਤਰਕ ਆਧਾਰਿਤ ਚਿੰਤਨ ਬਾਰੇ ਵੀ ਇਹ ਪੁਸਤਕ ਚਾਨਣਾ ਪਾਉਂਦੀ ਹੈ। ਹੈਜਮਨੀ ਬੁੱਧੀਜੀਵੀ ਤਬਕਾ ਅਤੇ ਸਿੱਖਿਆ-ਪ੍ਰਬੰਧ ਬਾਰੇ ਗ੍ਰਾਮਸ਼ੀ ਦੀਆਂ ਅੰਤਰ-ਦ੍ਰਿਸ਼ਟੀਆਂ ਗੌਲਣਯੋਗ ਹਨ। ਡਾ. ਰਵੀ ਰਵਿੰਦਰ ਦੁਆਰਾ ਸੰਪਾਦਿਤ ਪੁਸਤਕ 'ਧਰਤੀ ਦਾ ਗੀਤ' ਉੱਤਰ-ਪੂਰਬ ਭਾਰਤ ਨਾਲ ਸੰਬੰਧਿਤ ਕਹਾਣੀ-ਸੰਗ੍ਰਹਿ ਹੈ। ਇਸ ਪੁਸਤਕ ਵਿਚ ਜਿੱਥੇ ਉੱਤਰ-ਪੂਰਬੀ ਲੋਕਾਂ ਦੇ ਜਨ-ਜੀਵਨ, ਸੱਭਿਆਚਾਰ, ਵਾਤਾਵਰਨ ਅਤੇ ਕੁਦਰਤੀ ਦ੍ਰਿਸ਼ਾਂ ਦਾ ਬਾਖ਼ੂਬੀ ਚਿਤਰਨ ਕੀਤਾ ਗਿਆ ਹੈ, ਉੱਥੇ ਨਾਲ ਹੀ ਉੱਤਰੀ-ਪੂਰਬੀ ਲੋਕਾਂ ਨੂੰ ਦਰਪੇਸ਼ ਦੁਸ਼ਵਾਰੀਆਂ/ਸੰਕਟਾਂ ਨੂੰ ਇਕ ਵਿਸ਼ਾਲ ਕੈਨਵਸ 'ਚ ਚਿਤਰਦੀਆਂ ਇਹ ਕਹਾਣੀਆਂ ਨਸ਼ਾਖੋਰੀ, ਅੱਤਵਾਦ, ਜਾਤ-ਪਾਤ ਅਤੇ ਨਸਲਕੁਸ਼ੀ ਵਰਗੀਆਂ ਅਲਾਮਤਾਂ ਨੂੰ ਉੱਥੋਂ ਦੇ ਸੱਭਿਆਚਾਰਕ ਸੰਦਰਭ 'ਚ ਸਮਝਣ ਦਾ ਯਤਨ ਕਰਦੀਆਂ ਹਨ। ਜਦਕਿ ਵੀਨਾ ਵਰਮਾ ਦਾ ਕਹਾਣੀ-ਸੰਗ੍ਰਹਿ 'ਇਕ ਕੁੜੀ ਇਕੱਲੀ' ਅਜਿਹੀਆਂ ਔਰਤਾਂ ਦੀ ਬਾਤ ਪਾਉਂਦੀ ਰਚਨਾ ਹੈ, ਜਿਹੜੀਆਂ ਔਰਤਾਂ ਬੇਇਨਸਾਫ਼ੀਆਂ, ਨਾਬਰਾਬਰੀਆਂ, ਬੇਕਦਰੀਆਂ ਅਤੇ ਬੇਵਸੀਆਂ ਨਾਲ ਦਸਤਪੰਜਾ ਲੈਂਦੀਆਂ ਹਨ। ਇਸ ਦੇ ਇਲਾਵਾ ਡਾ. ਸਤਨਾਮ ਸਿੰਘ ਜੱਸਲ ਦੁਆਰਾ ਸੰਪਾਦਿਤ ਪੁਸਤਕ 'ਨਾਟਕਕਾਰ ਹਰਚਰਨ ਸਿੰਘ' ਨਾਟਕ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਡਾ. ਹਰਚਰਨ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀ ਰਚਨਾ ਬਾਰੇ ਅਹਿਮ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।

# ਕਿਸਾਨਾਂ ਦੇ ਜੀਵਨ ਦੀਆਂ ਸਮੱਸਿਆਵਾਂ 'ਤੇ ਵਿਚਾਰ-ਚਰਚਾ

## ਕਿਸਾਨੀ ਸੰਕਟ ਪ੍ਰਤੀ ਕਲਮ ਦੀ ਧਾਰ ਤਿੱਖੀ ਕਰਨ ਦੀ ਲੋੜ 'ਤੇ ਦਿੱਤਾ ਜ਼ੋਰ

**ਇਕਬਾਲ ਸਿੰਘ ਸ਼ਾਂਤ**

**ਲੰਬੀ, 30 ਸਤੰਬਰ**

ਸਾਹਿਤ ਅਕਾਦਮੀ ਦਿੱਲੀ ਅਤੇ ਦਸਮੇਸ਼ ਗਰਲਜ਼ ਕਾਲਜ ਬਾਦਲ ਵੱਲੋਂ ਕਾਲਜ ਆਡੀਟੋਰੀਅਮ 'ਚ 'ਕਿਸਾਨੀ ਜੀਵਨ ਦਾ ਪੰਜਾਬੀ ਸਾਹਿਤ' ਵਿਸ਼ੇ 'ਤੇ ਕੌਮੀ ਸੈਮੀਨਾਰ ਕਰਵਾਇਆ ਗਿਆ ਜਿਸ ਦਾ ਉਦਘਾਟਨ ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਸਾਬਕਾ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਸਾਹਿਤ ਅਕਾਦਮੀ ਦੇ ਸਲਾਹਕਾਰ ਬੋਰਡ ਮੈਂਬਰ ਮਨਮੋਹਨ ਸਿੰਘ ਨੇ ਆਖਿਆ ਕਿ ਕਿਸਾਨੀ ਜੀਵਨ ਅਤੇ ਕਿਸਾਨ ਸੰਕਟ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਜਦੋਂ ਤੋਂ ਕਿਸਾਨੀ ਦਾ ਮੁੱਢ ਬੱਝਿਆ ਹੈ ਉਦੋਂ ਤੋਂ ਕਿਸਾਨੀ ਮੁਸ਼ਕਿਲ ਦੀਆਂ ਗੁੰਝਲਾਂ ਵਿੱਚੋਂ ਨਿਕਲ ਨਹੀਂ ਸਕੀ। ਉਨ੍ਹਾਂ ਪੰਜਾਬ ਦੀ ਕਿਸਾਨੀ ਦੇ ਮੌਜੂਦਾ ਮਸਲਿਆਂ ਕਰਜ਼ਾ, ਖ਼ੁਦਕੁਸ਼ੀਆਂ, ਡਿਪਰੈਸ਼ਨ ਅਤੇ ਨਸ਼ੇ 'ਤੇ ਗੰਭੀਰ ਚਰਚਾ ਕਰਕੇ ਅਹਿਮ ਮੁੱਦਿਆਂ ਨੂੰ ਛੂਹਿਆ।



ਦਸਮੇਸ਼ ਗਰਲਜ਼ ਕਾਲਜ 'ਚ ਸੈਮੀਨਾਰ ਦੇ ਉਦਘਾਟਨ ਮੌਕੇ ਵਿਦਵਾਨ ਅਤੇ ਵਿਚਾਰਕ।

ਪ੍ਰਧਾਨਗੀ ਭਾਸ਼ਣ ਵਿੱਚ ਡਾ. ਸੁਰਜੀਤ (ਲੀਅ) ਨੇ ਟੁੱਟ ਰਹੀ ਕਿਸਾਨੀ, ਅਲੋਪ ਹੋ ਰਹੇ ਸੱਭਿਆਚਾਰ ਅਤੇ ਭਾਸ਼ਾਵਾਂ ਪ੍ਰਤੀ ਚਿੰਤਾ ਜਤਾਈ। ਉਨ੍ਹਾਂ ਆਖਿਆ ਕਿ ਕਿਸਾਨੀ ਸੰਕਟ ਦਾ ਸਾਹਮਣਾ ਔਰਤ ਨੂੰ ਵੀ ਕਰਨਾ ਪਿਆ ਹੈ ਕਿਉਂਕਿ ਕਿਸਾਨ ਦੀ ਖ਼ੁਦਕੁਸ਼ੀ ਤੋਂ ਬਾਅਦ ਸਮੁੱਚੀ ਜ਼ਿੰਮੇਵਾਰੀ ਔਰਤ ਸਿਰ ਆ ਪੈਂਦੀ ਹੈ।

ਅਕਾਦਮਿਕ ਸੈਸ਼ਨ 'ਚ ਬਲਦੇਵ ਸਿੰਘ ਧਾਲੀਵਾਲ ਨੇ ਪੰਜਾਬੀ ਕਹਾਣੀ 'ਚ ਪੇਸ਼ ਕਿਸਾਨੀ ਸੰਕਟ ਬਾਰੇ ਦੱਸਿਆ। ਦਿੱਲੀ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰ ਰਵੀ ਰਵਿੰਦਰ ਨੇ ਆਖਿਆ ਕਿ ਕਿਸਾਨੀ ਮਨੁੱਖ ਦਾ ਮੁੱਢਲਾ ਕਿੱਤਾ ਹੈ ਪਰ ਅੱਜ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਇਸ ਨੂੰ ਚਿਤਰਣ 'ਚ ਅਸਫ਼ਲ ਰਹੀਆਂ ਹਨ। ਇਸ ਮੌਕੇ ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਨੇ ਆਪਣੇ ਪਰਚੇ 'ਚ ਆਖਿਆ ਕਿ ਅਜੋਕੇ ਦੌਰ 'ਚ ਮੀਡੀਆ ਅਦਾਰਿਆਂ ਦੀ ਕਿਸਾਨੀ ਦੇ ਹਕੀਕੀ ਮਸਲਿਆਂ ਪ੍ਰਤੀ ਕਲਮ ਦੀ ਧਾਰ ਅਤੇ ਪਹੁੰਚ ਮੱਠੀ ਹੁੰਦੀ ਜਾ ਰਹੀ ਹੈ ਜੋ ਮੀਡੀਆ ਦੇ ਨੈਤਿਕ ਫ਼ਰਜ਼ਾਂ ਦੀ ਗਿਰਾਵਟ ਦਾ ਸੂਚਕ ਹੈ। ਸਤਨਾਮ ਸਿੰਘ ਜੱਸਲ ਨੇ ਕਿਸਾਨੀ ਜੀਵਨ ਅਤੇ ਪੰਜਾਬੀ ਨਾਟਕ 'ਤੇ ਵਿਸ਼ੇਸ਼ ਪਰਚਾ ਪੜ੍ਹਿਆ।

ਡਾ. ਜਸਵਿੰਦਰ ਨੇ ਕਿਸਾਨੀ ਨੂੰ ਪੰਜਾਬੀ ਸਾਹਿਤ ਦਾ ਧੁਰਾ ਦੱਸਦਿਆਂ ਕਿਹਾ ਕਿ ਇਸ ਦਾ ਨਾਟਕ, ਨਾਵਲ ਅਤੇ ਕਹਾਣੀ 'ਚ ਨਿੱਘਾ ਚਿਤਰਣ ਹੋਇਆ ਹੈ। ਗੁਰਮੁੱਖ ਸਿੰਘ ਨੇ ਵੱਖ-ਵੱਖ ਨਾਵਲਾਂ ਦੇ ਹਵਾਲੇ ਨਾਲ ਕਿਸਾਨੀ ਸੰਕਟ ਬਾਰੇ ਪਰਚਾ ਪੜ੍ਹਿਆ। ਡਾ. ਦਵਿੰਦਰ ਸੈਫ਼ੀ ਨੇ ਪਾਸ਼, ਸੰਤ ਰਾਮ ਉਦਾਸੀ, ਸੰਤੋਖ ਸਿੰਘ ਧੀਰ ਅਤੇ ਇਕਬਾਲ ਰਾਮੂਵਾਲੀਆ ਦੀਆਂ ਕਵਿਤਾਵਾਂ ਦੇ ਹਵਾਲੇ ਨਾਲ ਕਿਸਾਨੀ ਜੀਵਨ ਤੇ ਸੰਕਟ ਪ੍ਰਤੀ ਸਾਹਿਤਕ ਅੰਦਾਜ਼ 'ਚ ਗੱਲ ਆਖੀ। ਮੇਜ਼ਬਾਨ ਦਸਮੇਸ਼ ਕਾਲਜ ਬਾਦਲ ਦੇ ਪ੍ਰਿੰਸੀਪਲ ਡਾ.ਐਸ.ਐਸ. ਸੰਘਾ ਨੇ ਧੰਨਵਾਦ ਕੀਤਾ। ਇਸ ਮੌਕੇ ਸਾਹਿਤ ਅਕਾਦਮੀ ਦੇ ਸਹਾਇਕ ਸੰਪਾਦਕ ਅਜੈ ਕੁਮਾਰ ਸ਼ਰਮਾ, ਪੀ.ਐਨ ਦਿਵੇਦੀ, ਗੁਰਮੀਤ ਸਿੰਘ, ਦਸਮੇਸ਼ ਸਿੱਖਿਆ ਕਾਲਜ ਦੇ ਪ੍ਰਿੰਸੀਪਲ ਵਨੀਤਾ, ਵਾਈਸ ਪ੍ਰਿੰਸੀਪਲ ਡਾ. ਇੰਦਰਾ ਪਹੂਜਾ ਨੇ ਵਿਚਾਰ ਪੇਸ਼ ਕੀਤੇ।